# THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਨੰ:ਆਈ.ਟੀ.ਆਈ/2022 1846 ਮਿਤੀ: 01/09/22

ਸੇਵਾ ਵਿਖੇ.

ਪ੍ਰਿੰਸੀਪਲ.

ਸਮੂਹ ਆਈ ਟੀ ਆਈ/ਆਈ.ਟੀ.ਸੀ(ਇ:/ਪ੍ਰਾਈਵੇਟ ਆਈ.ਟੀ.ਸੀ.

ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ. ਪੰਜਾਬ ਰਾਜ ਅਧੀਨ।

**ਵਿਸ਼ਾ: ਸੈਸ਼ਨ 2021 ਦੋਰਾਨ ਦਾਖਲ ਹੋਏ ਸਿਖਿਆਰਥੀਆਂ ਦੀ ਰਜਿਸਟਰੇਸ਼ਨ ਫੀਸ ਇੱਕਠੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ **(NCVT/SCVT)** ਸਕੀਮ ਅਧੀਨ ਸਾਲ 2021 ਦੌਰਾਨ ਦਾਖਲ ਸਿਖਿਆਰਥੀਆਂ ਦੀ ਜਨਰੇਟ ਕੀਤੀ ਗਈ ਰਜਿਸਟਰੇਸ਼ਨ ਦੀ ਜਾਣਕਾਰੀ ਬੋਰਡ ਦੀ ਵੈਬਸਾਈਟ ਤੇ ਅਪਲੋਡ ਕਰਵਾ ਦਿੱਤੀ ਗਈ ਹੈ। ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਸੰਸਥਾ ਨਾਲ ਸਬੰਧਤ ਸਿਖਿਆਰਥੀਆਂ ਦੀਆਂ ਰਜਿਸਟਰੇਸ਼ਨ ਲਿਸਟਾਂ ਚੈਕ ਕਰ ਲਈਆਂ ਜਾਣ ਅਤੇ ਜੇਕਰ ਕਿਸੇ ਸੰਸਥਾ ਦੀ ਰਜਿਸਟਰੇਸ਼ਨ ਲਿਸਟਾਂ ਵਿਚ ਕੋਈ ਖਾਮੀ/ਅਧੂਰੀ ਜਾਣਕਾਰੀ/ਕੋਈ ਗਲਤੀ ਹੈ ਤਾਂ ਉਸ ਸਬੰਧੀ ਸਮੁੱਚੇ ਰਿਕਾਰਡ ਸਮੇਤ ਜਾਣਕਾਰੀ ਇਸ ਦਫਤਰ ਦੇ ਈ.ਮੇਲ sectionofficeriti@gmail.com ਤੇ ਮਿਤੀ 05-09-22 ਤੱਕ ਭੇਜੀ ਜਾਵੇ ਤਾਂ ਜੋ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਹ ਵੀ ਵਰਣਨਯੋਗ ਹੈ ਕਿ ਉਕਤ ਦਰਸਾਈ ਮਿਤੀ ਤੱਕ ਜੇਕਰ ਕਿਸੇ ਸੰਸਥਾ ਵਲੋਂ ਇਸ ਸਬੰਧੀ ਕੋਈ ਸੂਚਨਾ ਪ੍ਰਾਪਤ ਨਹੀਂ ਹੁੰਦੀ ਤਾਂ ਇਹ ਸਮਝ ਲਿਆ ਜਾਵੇਗਾ ਕਿ ਸਬੰਧਤ ਸੰਸਥਾ ਦੇ ਰਜਿਸਟਰੇਸ਼ਨ ਡਾਟਾ ਵਿਚ ਕੋਈ ਖਾਮੀ ਨਹੀਂ ਹੈ। ਮਾਮਲੇ ਸਬੰਧੀ ਦੇਰੀ ਦੀ ਨਿਰੋਲ ਜਿੰਮੇਵਾਰੀ ਆਪ ਦੀ ਸੰਸਥਾ ਦੀ ਨਿੱਜੀ ਹੋਵੇਗੀ।

ਇਸ ਤੋਂ ਇਲਾਵਾ ਸਮੂਹ ਸੰਸਥਾਵਾਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2021 ਦੋਰਾਨ ਦਾਖਲ ਹੋਏ ਸਿਖਿਆਰਥੀਆਂ ਦੀ ਰਜਿਸਟਰੇਸ਼ਨ ਫੀਸ ਅਤੇ ਰਜਿਸਟਰੇਸ਼ਨ ਫਾਰਮ ਦੀ ਨਿਰਧਾਰਤ ਫੀਸ 100+50/- ਕੁਲ 150/- ਰੁਪਏ(ਪ੍ਰਤੀ ਸਿਖਿਆਰਥੀ) ਆਪਣੇ ਪੱਧਰ ਤੇ ਇੱਕਠੀ ਕਰ ਲਈ ਜਾਵੇ ਤਾਂ ਜੋ ਇਸ ਫੀਸ ਨੂੰ ਬੋਰਡ ਦਫਤਰ ਤੋਂ ਪ੍ਰਾਪਤ ਹੋਣ ਵਾਲੀਆਂ ਹਦਾਇਤਾਂ ਅਨੁਸਾਰ ਬੋਰਡ ਖਾਤੇ ਵਿਚ ਜਮ੍ਹਾਂ ਕਰਵਾਇਆ ਜਾ ਸਕੇ।(ਰਜਿਸਟਰੇਸ਼ਨ ਫੀਸ ਬੀਤੇ ਸਮੇਂ ਤੋਂ ਨਿਰਧਾਰਤ ਹੈ)

Nandeep

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ. ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ. ਪੰਜਾਬ
2. ਪੀ.ਏ ਟੂ ਸਕੱਤਰ
3. ਸਿਸਟਮ ਐਡਮਨ
4. ਵਿੱਤ ਅਤੇ ਲੇਖਾ ਸ਼ਾਖਾ
5. ਜਿਲ੍ਹਿਆਂ ਨਾਲ ਸਬੰਧਤ ਸੂਚਨਾ ਸਹਾਇਕ